# Prime Minister Shri Narendra Modi speaks on phone with His Excellency Yoon Suk-yeol, President-elect of the Republic of Korea

March 17, 2022

## ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਕੋਰੀਆ ਗਣਰਾਜ ਦੇ ਚੁਣ ਗਏ ਰਾਸ਼ਟਰਪਤੀ - ਮਹਾਮਹਿਮ ਸ਼੍ਰੀ ਯੂਨ ਸੁਕ-ਯੂਲ (Yoon Suk-yeol) ਨਾਲ ਫੋਨ ’ਤੇ ਗੱਲ ਕੀਤੀ

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਕੋਰੀਆ ਗਣਰਾਜ ਦੇ ਚੁਣੇ ਗਏ ਰਾਸ਼ਟਰਪਤੀ ਮਹਾਮਹਿਮ ਯੂਨ ਸੁਕ-ਯੂਲ (Yoon Suk-yeol) ਨਾਲ ਫੋਨ ’ਤੇ ਗੱਲ ਕੀਤੀ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਯੂਨ ਨੂੰ ਕੋਰੀਆ ਗਣਰਾਜ ਦੀਆਂ ਹਾਲ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਮਿਲੀ ਉਨ੍ਹਾਂ ਦੀ ਜਿੱਤਾ ’ਤੇ ਵਧਾਈਆਂ ਦਿੱਤੀਆਂ।

ਦੋਵੇਂ ਲੀਡਰਾਂ ਵਿਸ਼ੇਸ਼ ਤੌਰ ‘ਤੇ ਵਰਤਮਾਨ ਆਲਮੀ ਸੰਦਰਭ ਵਿੱਚ ਭਾਰਤ-ਕੋਰੀਆ ਵਿਸ਼ੇਸ਼ ਰਣਨੀਤਕ ਸਾਂਝੇਦਾਰੀ ਨੂੰ ਹੋਰ ਵਿਆਪਕ ਅਤੇ ਮਜ਼ਬੂਤ ਕਰਨ ਦੇ ਮਹੱਤਵ ’ਤੇ ਸਹਿਮਤ ਹੋਏ। ਉਨ੍ਹਾਂ ਨੇ ਵਿਭਿੰਨ ਖੇਤਰਾਂ ’ਤੇ ਚਰਚਾ ਕੀਤੀ, ਜਿਨ੍ਹਾਂ ਵਿੱਚ ਤੀਬਰ ਦੁਵੱਲੇ ਸਹਿਯੋਗ ਦੀ ਸੰਭਾਵਨਾ ਹੈ ਅਤੇ ਦੋਹਾਂ ਰਾਜਨੇਤਾ ਇਸ ਉਦੇਸ਼ ਦੇ ਲਈ ਮਿਲ ਕੇ ਕੰਮ ਕਰਨ ’ਤੇ ਸਹਿਮਤ ਹੋਏ।

ਦੋਹਾਂ ਲੀਡਰਾਂ ਨੇ ਅਗਲੇ ਸਾਲ ਭਾਰਤ ਅਤੇ ਕੋਰੀਆ ਗਣਰਾਜ ਦੇ ਦਰਮਿਆਨ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੀ 50ਵੀਂ ਵਰ੍ਹੇਗੰਢ ਨੂੰ ਸੰਯੁਕਤ ਤੌਰ ’ਤੇ ਮਨਾਉਣ ਦੀ ਆਪਣੀ ਇੱਛਾ ’ਤੇ ਵੀ ਬਲ ਦਿੱਤਾ।

ਪ੍ਰਧਾਨ ਮੰਤਰੀ ਨੇ ਮਹਾਮਹਿਮ ਯੂਨ ਨੂੰ ਆਪਣੀ ਸੁਵਿਧਾ ਅਨੁਸਾਰ ਜਲਦੀ ਤੋਂ ਜਲਦੀ ਭਾਰਤ ਆਉਣ ਦੇ ਲਈ ਸੱਦਾ ਦਿੱਤਾ।

ਨਵੀਂ ਦਿੱਲੀ

17 ਮਾਰਚ, 2022

DISCLAIMER: This is an approximate translation. The original is available in English on MEA’s website and may be referred to as the official press release.